BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਪਰਿਵਰਤਨਕਾਰੀ ਸਿਟੀ ਲੈਂਡਸ ਪ੍ਰੋਜੈਕਟ ਵਾਸਤੇ ਐਕਸਪ੍ਰੈਸ਼ਨ ਆਫ ਇੰਟਰਸਟ ਲਈ ਬੇਨਤੀ ਦੀ ਸ਼ੁਰੂਆਤ ਕੀਤੀ ਹੈ

ਬ੍ਰੈਂਪਟਨ, ਓਨਟੈਰੀਓ (22 ਮਾਰਚ, 2023) – ਹੁਣ ਸਿਟੀ ਆਫ ਬ੍ਰੈਂਪਟਨ ਨੇ, ਪਰਿਵਰਤਨਕਾਰੀ ਸਿਟੀ ਲੈਂਡਸ (City Lands) ਪ੍ਰੋਜੈਕਟ ਵਾਸਤੇ ਐਕਸਪ੍ਰੈਸ਼ਨ ਆਫ ਇੰਟਰਸਟ ਲਈ ਬੇਨਤੀ (Request for Expression of Interest) ਦੀ ਸ਼ੁਰੂਆਤ ਕੀਤੀ ਹੈ।

ਸਿਟੀ ਲੈਂਡਸ ਪ੍ਰੋਜੈਕਟ ਦੇ ਵੈਬਪੇਜ (City Lands Project Webpage) ਤੇ ਐਕਸਪ੍ਰੈਸ਼ਨਸ ਆਫ ਇੰਟਰਸਟ ਲਈ ਬੇਨਤੀ (ਆਰ.ਐਫ.ਈ.ਓ.ਆਈ.) ਦਸਤਾਵੇਜ਼ ਤੱਕ ਪਹੁੰਚ ਕੇ, ਇਛੁੱਕ ਧਿਰਾਂ ਸਾਈਟ ਨੂੰ ਇੱਕ ਜਿਓਣਸ਼ੀਲ ਸ਼ਹਿਰੀ ਖੇਤਰ ਅਤੇ ਚੱਲਣ ਯੋਗ ਨੇਬਰਹੁੱਡ ਵਿੱਚ ਵਿਕਸਿਤ ਕਰਨ ਲਈ ਵਿਆਪਕ ਯੋਜਨਾ ਪੇਸ਼ ਕਰ ਸਕਦੀਆਂ ਹਨ, ਜਿਸ ਵਿੱਚ ਬਿਲਕੁੱਲ ਆਧੁਨਿਕ, ਬਹੁ-ਉਦੇਸ਼ ਵਾਲੀ ਕ੍ਰਿਕੇਟ ਫੈਸਿਲਿਟੀ ਸ਼ਾਮਲ ਹੈ।

ਆਰ.ਐਫ.ਈ.ਓ.ਆਈ. (RFEOI), ਗੱਲਬਾਤ ਦੀਆਂ ਪ੍ਰਕਿਰਿਆਵਾਂ ਅਤੇ ਸਮਾਂ ਸੀਮਾਵਾਂ, ਅਤੇ ਪੁੱਛਗਿੱਛ ਅਤੇ ਮੁੱਦਿਆਂ ਵਾਸਤੇ ਇੱਕ ਸਮਰਪਿਤ ਭਰਤੀ ਤਰੀਕੇ ਬਾਰੇ ਖਾਸ ਨਿਰਦੇਸ਼ ਸ਼ਾਮਲ ਕਰੇਗੀ।

ਸੰਭਾਵੀ ਪ੍ਰਸਤਾਵ ਰੱਖਣ ਵਾਲੇ, ਸਮਰਪਿਤ ਪ੍ਰੋਜੈਕਟ ਈਮੇਲ rfeoi@brampton.ca ਦੁਆਰਾ ਆਪਣੇ ਸਵਾਲ ਪੇਸ਼ ਕਰ ਸਕਦੇ ਹਨ।

**ਸਿਟੀ ਲੈਂਡਸ ਪ੍ਰੋਜੈਕਟ ਬਾਰੇ**

ਸਿਟੀ ਦੇ 2040 ਵਿਜਨ (2040 Vision) ਵਿੱਚ ਮਹੱਤਵਪੂਰਨ ਮੌਕੇ ਵਜੋਂ ਪਛਾਣੀ ਗਈ, ਸਿਟੀ ਆਫ ਬ੍ਰੈਂਪਟਨ ਦੀ ਮਾਲਕੀ ਵਾਲੀ ਇਸ 110 ਏਕੜ ਥਾਂ ਵਿੱਚ, ਖੇਤਰ ਨੂੰ ਰੀਜਨਲ ਟਿਕਾਣੇ ਵਜੋਂ ਅੱਗੇ ਵਧਾਉਣ ਦੀ ਪਰਿਵਰਤਨਕਾਰੀ ਸਮਰੱਥਾ ਹੈ।

2019 ਦੇ ਤਕਨੀਕੀ ਵਿਸ਼ਲੇਸ਼ਣ ਵਿੱਚ ਰਣਨੀਤਿਕ ਮੌਕੇ ਦੀ ਪਛਾਣ ਕੀਤੀ ਗਈ, ਜਿਸ ਵਿੱਚ ਇਸ ਵਿਸ਼ਾਲ, ਵਿਕਾਸਯੋਗ ਸੀਮਾ (ਪਹਿਲਾਂ ਇਸਨੂੰ “ਸੀ.ਏ.ਏ. ਲੈਂਡਸ” (“CAA Lands”) ਕਿਹਾ ਜਾਂਦਾ ਸੀ) ਨੂੰ, ਵੱਧ ਅਬਾਦੀ ਵਾਲੀ ਰਿਹਾਇਸ਼, ਕਾਰੋਬਾਰ, ਘੁੰਮਣ ਦੀ ਜਗ੍ਹਾ ਅਤੇ ਟੂਰਿਜਮ ਲਈ ਵੱਡੇ ਟ੍ਰਾਂਜ਼ਿਟ-ਅਨੁਕੂਲਿਤ ਮੌਕਿਆਂ ਦੇ ਨਾਲ, ਸਪੋਰਟਸ ਕੰਪਲੈਕਸ ਤੋਂ, ਇੱਕ ਨਵੇਂ ਸ਼ਹਿਰੀ ਕੇਂਦਰ ਵਿੱਚ ਬਦਲਣਾ ਸ਼ਾਮਲ ਸੀ।

ਇਸ ਵੇਲੇ, ਕੈਨੇਡੀ ਰੋਡ ਸਾਊਥ (Kennedy Road South) ਦੇ ਪੂਰਬ, ਹਾਈਵੇ 410 (Highway 410) ਦੇ ਪੱਛਮ ਅਤੇ 407 ਈ.ਟੀ.ਆਰ. (407 ETR) ਦੇ ਉੱਤਰ ਵੱਲ ਸਥਿਤ ਇਹ ਖੇਤਰ, ਸੀ.ਏ.ਏ. (CAA) ਸਪੋਰਟਸ ਅਤੇ ਮਨੋਰੰਜਨ ਫੈਸਿਲਿਟੀ (ਪਹਿਲਾਂ ਇਸਨੂੰ ਪਾਵਰੇਡ ਸੈਂਟਰ (Powerade Centre) ਕਿਹਾ ਜਾਂਦਾ ਸੀ।) ਦੀ ਥਾਂ ਹੈ। ਜ਼ਮੀਨਾਂ ਦਾ ਪੁਨਰ ਵਿਕਾਸ, “ਕੰਪਲੀਟ ਕਮਿਉਨਿਟੀਜ” ਬਣਾਉਣ ਲਈ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਦੇ ਸਿਟੀ ਦੇ ਦ੍ਰਿਸ਼ਟੀਕੋਣ ਦੇ ਮੁਤਾਬਕ ਹੈ।

**ਹਵਾਲੇ**

“ਪਿਛਲੇ ਪੰਜ ਸਾਲਾਂ ਤੋਂ, ਸਿਟੀ ਇੱਕ ਨਵੀਂ ਮਲਟੀ-ਪਰਪਟ ਕ੍ਰਿਕੇਟ ਫੈਸਿਲਿਟੀ ਦੀ ਮੰਗ ਨੂੰ ਪੂਰਾ ਕਰਨ ਲਈ ਯੋਜਨਾਵਾਂ ਨੂੰ ਅਤੇ ਇਸ ਖਾਸ ਸਾਈਟ ਵਾਸਤੇ ਇਸਦੇ ਕਮਿਉਨਿਟੀ ਨਿਰਮਾਣ ਦ੍ਰਿਸ਼ਟੀਕੋਣ ਨੂੰ ਅੱਗੇ ਵਧਾ ਰਹੀ ਹੈ। ਅੱਜ ਇੱਕ ਮਹੱਤਵਪੂਰਨ ਉਪਲਬਧੀ ਵਾਲਾ ਦਿਨ ਹੈ, ਜਦੋਂ ਅਸੀਂ ਇਸ ਦ੍ਰਿਸ਼ਟੀਕੋਣ ਤੇ ਕੰਮ ਕਰਨ ਵਾਸਤੇ ਮਦਦ ਲਈ ਗਤੀਸ਼ੀਲ ਸੁਝਾਅ ਲੈਣਾ ਸ਼ੁਰੂ ਕਰ ਰਹੇ ਹਾਂ। ਉਹਨਾਂ ਵਸਨੀਕਾਂ, ਕਾਰੋਬਾਰੀਆਂ ਅਤੇ ਲੋਕਲ ਸਟੇਕਹੋਲਡਰਾਂ ਦਾ ਧੰਨਵਾਦ,

ਜਿਹਨਾਂ ਨੇ ਇਹ ਯਕੀਨੀ ਬਣਾਉਣ ਵਿੱਚ ਮਦਦ ਲਈ ਆਪਣਾ ਫੀਡਬੈਕ ਪ੍ਰਦਾਨ ਕੀਤਾ ਹੈ ਕਿ ਅਸੀਂ ਅਜਿਹੀਆਂ ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਦੀ ਯੋਜਨਾ ਬਣਾ ਰਹੇ ਹਾਂ, ਜੋ ਕਮਿਉਨਿਟੀ ਦੀਆਂ ਲੋੜਾਂ ਨੂੰ ਪੂਰਾ ਕਰਨਗੀਆਂ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਅਸਧਾਰਨ ਤੌਰ ਤੇ ਰੋਮਾਂਚਕ ਇਸ ਪ੍ਰੀਮੀਅਰ ਸਪੋਰਟਸ ਫੈਸਿਲਿਟੀ ਅਤੇ ਕਮਿਉਨਿਟੀ ਦੇ ਨਿਰਮਾਣ ਸਬੰਧੀ ਪਹਿਲਕਦਮੀ ਵਿੱਚ ਹਿੱਸਾ ਲੈਣ ਲਈ ਸੰਭਾਵੀ ਪ੍ਰਸਤਾਵ ਪੇਸ਼ ਕਰਨ ਵਾਲਿਆਂ ਨੂੰ ਸੱਦਾ ਦੇ ਰਹੀ ਹੈ। ਪ੍ਰੋਜੈਕਟ ਅਤੇ ਸੱਦੇ ਦਾ ਇਹ ਫੇਜ, ਸਿਟੀ ਦੇ ਨਾਲ ਭਾਈਵਾਲੀ ਕਰਨ ਦਾ ਸ਼ੁਰੂਆਤੀ ਮੌਕਾ ਪੇਸ਼ ਕਰਦਾ ਹੈ, ਜਿਸ ਨਾਲ ਸੰਭਾਵੀ ਭਾਈਵਾਲਾਂ, ਸਿਟੀ ਅਤੇ ਇਸਦੇ ਵਸਨੀਕਾਂ ਨੂੰ ਲੰਮੇ ਸਮੇਂ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਫਾਇਦੇ ਮਿਲਣਗੇ।"

- *ਮਾਈਕਲ ਪਲੇਸ਼ੀ* (Michael Palleschi), *ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ ਕਮੇਟੀ*

"ਸਿਟੀ ਲੈਂਡਸ ਨੂੰ ਵੱਧ ਅਬਾਦੀ ਵਾਲੀ ਰਿਹਾਇਸ਼, ਕਾਰੋਬਾਰ, ਘੁੰਮਣ ਦੀ ਜਗ੍ਹਾ ਅਤੇ ਟੂਰਿਜਮ ਲਈ ਵੱਡੇ ਟ੍ਰਾਂਜ਼ਿਟ-ਅਨੁਕੂਲਿਤ ਮੌਕਿਆਂ ਵਾਲੇ ਨਵੇਂ ਸ਼ਹਿਰੀ ਕੇਂਦਰ ਵਿੱਚ ਬਦਲਣ ਦੇ ਦੁਆਰਾ, ਬ੍ਰੈਂਪਟਨ ਲਈ ਵਿਸ਼ਾਲ ਆਰਥਿਕ ਸਮਰੱਥਾ ਦਾ ਹੋਰ ਫਾਇਦਾ ਲੈਣ ਦਾ ਬਹੁਤ ਹੀ ਰੋਮਾਂਚਕ ਅਤੇ ਅਸਲ ਮੌਕਾ ਹੈ। ਇਹ ਮੁੱਖ ਥਾਂ, ਸ਼ਹਿਰ ਅਤੇ ਸੰਭਾਵੀ ਪ੍ਰਸਤਾਵ ਪੇਸ਼ ਕਰਨ ਵਾਲਿਆਂ, ਦੋਵਾਂ ਵਾਸਤੇ ਇੱਕ ਰਣਨੀਤਿਕ ਮੌਕਾ ਪੇਸ਼ ਕਰਦੀ ਹੈ ਅਤੇ ਅਸੀਂ ਇਹ ਦੇਖਣ ਲਈ ਉਤਸ਼ਾਹਿਤ ਹਾਂ ਕਿ ਪ੍ਰੋਜੈਕਟ ਦਾ ਇਹ ਅਗਲਾ ਫੇਜ ਕੀ ਲਿਆਉਂਦਾ ਹੈ।"

- *ਗੁਰਪ੍ਰਤਾਪ ਸਿੰਘ ਤੂਰ* (Gurpartap Singh Toor), *ਰੀਜਨਲ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਇਕੋਨੋਮਿਕ ਡਿਵੈਲਪਮੈਂਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca